# ਸਰਕਾਰੀ ਆਈ. ਟੀ. ਆਈ. ਲੋਹੀਆਂ ਖਾਸ 'ਚ ਕਰਵਾਏ ਸਕਿੱਲ ਮੁਕਾਬਲੇ

ਸੁਲਤਾਨਪੁਰ ਲੋਧੀ, 1 ਮਈ (ਧੀਰ)-ਪ੍ਰਿੰਸੀਪਲ ਜਸਮਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਆਈ. ਟੀ. ਆਈ. ਲੋਹੀਆਂ ਖਾਸ ਵਿਚ ਸਕਿੱਲ ਮੁਕਾਬਲੇ ਕਰਵਾਏ ਗਏ, ਜਿਸ 'ਚ ਸੰਸਥਾ 'ਚ ਚੱਲ ਰਹੀਆਂ ਵੈਲਡਰ, ਸੀਵਿੰਗ ਟੈਕਨੋਲੋਜੀ ਅਤੇ ਇਲੈਕਟ੍ਰੀਸ਼ਨ ਟਰੇਡ ਦੇ ਸਿਖਿਆਰਥੀਆਂ ਨੇ ਹਿੱਸਾ ਲਿਆ। ਸਕਿੱਲ ਮੁਕਾਬਲੇ 'ਚ ਅੱਵਲ ਆਉਣ ਵਾਲੇ ਸਿਖਿਆਰਥੀਆਂ ਦੀ ਹੌਸਲਾ ਹਫਜਾਈ ਵੀ ਕੀਤੀ ਗਈ। ਇਸ ਸਮੇਂ ਸਿਖਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੇ ਹੁਨਰ ਦਾ ਪ੍ਰਦਸ਼ਨ ਕੀਤਾ।



ਸਕਿੱਲ ਮੁਕਾਬਲੇ 'ਚ ਹਿੱਸਾ ਲੈਂਦੇ ਸਿਖਿਆਰਥੀ। (ਧੀਰ)

ਪ੍ਰਿੰਸੀਪਲ ਜਸਮਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ 'ਚ ਦਾਖਲਾ ਸ਼ੁਰੂ ਹੋਣ ਵਾਲਾ ਹੈ, ਜਿਸ ਵਿਚ ਵੱਖ-ਵੱਖ ਇੰਜੀਨੀਅਰਿੰਗ ਟਰੇਡਾਂ ਵਿਚ ਦਾਖਲਾ ਕੀਤਾ ਜਾਣਾ ਹੈ। ਉਨ੍ਹਾਂ ਇਲਾਕਾ ਵਾਸੀਆਂ ਨੂੰ ਸੰਸਥਾ ਵਿਚ ਦਾਖਲਾ ਲੈਣ ਲਈ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਕਿਹਾ ਤਾਂ ਜੋ ਬੱਚੇ ਹੁਨਰ ਮੰਦ ਹੋ ਕੇ ਵੱਧ ਤੋਂ ਵੱਧ ਰੋਜ਼ਗਾਰ ਹਾਸਲ ਕਰ ਸਕਣ ਅਤੇ ਆਪਣੇ ਪੈਰਾਂ ਤੇ ਖੜੇ ਹੋ ਕਿ ਬੇਰੋਜ਼ਗਾਰ ਹੋਣ ਤੋਂ ਬਚ ਸਕਣ।

ਉਨ੍ਹਾਂ ਇਹ ਵੀ ਦੱਸਿਆ ਕਿ ਸੰਸਥਾ ਵਿਚ ਵੈਲਡਰ, ਫਿਟਰ, ਇਲੈਕਟ੍ਰੀਸ਼ਨ, ਮਕੈਨਿਕ ਇਲੈਕਟ੍ਰਿਕ ਵਹੀਕਲ ਅਤੇ ਪਲੰਬਰ ਟਰੇਡਾਂ ਚੱਲ ਰਹੀਆਂ ਹਨ, ਜਿਸ ਵਿਚ ਲੜਕੇ ਅਤੇ ਲੜਕੀਆਂ ਦੋਵੇਂ ਦਾਖ਼ਲਾ ਲੈ ਸਕਦੇ ਹਨ ਅਤੇ ਇਸ ਸਾਲ ਆਈ. ਟੀ. ਆਈ. ਦੀ ਆਪਣੀ ਬਿੱਲਡਿੰਗ ਲੋਹੀਆਂ ਖਾਸ ਵਿਚ ਦਾਖ਼ਲਾ ਕੀਤਾ ਜਾਵੇਗਾ। ਦਾਖ਼ਲਾ ਲੈਣ ਲਈ ਸੰਸਥਾ ਦੇ ਹੈਲਪ ਡੈਸਕ ਤੇ ਸੰਪਰਕ ਕੀਤਾ ਜਾ ਸਕਦਾ ਹੈ।



ਆਈ. ਟੀ. ਆਈ. ਵਿਚ ਤਿਆਰ ਕੀਤੇ ਪ੍ਰਾਜੈਕਟ ਦੀ ਪੇਸ਼ਕਾਰੀ ਕਰਦੀਆਂ ਸਿਖਿਆਰਥਣਾਂ। (ਧੀਰ)

ਇਸ ਸਮੇਂ ਸੀਵਿੰਗ ਟੈਕਨੋਲੋਜੀ ਦਾ ਸਕਿਲ ਮੁਕਾਬਲਾ ਮੋਨਿਕਾ ਤਿਵਾੜੀ ਪ੍ਰਿੰਸੀਪਲ ਸਰਕਾਰੀ ਆਈ. ਟੀ. ਆਈ. ਸੁਲਤਾਨਪੁਰ ਲੋਧੀ, ਵੈਲਡਰ ਅਤੇ ਇਲੈਕਟ੍ਰੀਸ਼ਨ ਦਾ ਮੁਕਾਬਲਾ ਸਵਰਨ ਸਿੰਘ ਨੇ ਕਰਵਾਇਆ। ਇਸ ਮੌਕੇ ਦਿਲਬਾਗ ਸਿੰਘ, ਨਰਿੰਦਰਪਾਲ ਸਿੰਘ ਕਲਰਕ ਆਦਿ ਵੀ ਹਾਜ਼ਰ ਸਨ।